ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸੱਚੁ ਜੁਗਾਦਿ ਸੱਚੁ ॥ ਹੈ ਭੀ ਸੱਚੁ ਨਾਂਨਕ ਹੋਸੀ ਭੀ ਸੱਚੁ ॥ ੧ ॥

ਸੋਚੈ ਸੋਚਿ ਨਾਂ ਹੋਵਈ ਜੇ ਸੋਚੀਂ ਲੱਖ ਵਾਰ ॥ ਚੁੱਪੈ ਚੁੱਪ ਨਾਂ ਹੋਵਈ ਜੇ ਲਾਇ ਰਹਾਂ ਲਿਵ ਤਾਰ ॥ ਭੁੱਖਿਆਂ ਭੁੱਖ
ਨਾਂ ਉਤਰੀ ਜੇ ਬੰਨ੍ਹਾਂ ਪੁਰੀਆਂ ਭਾਰ ॥ ਸਹਸ ਸਿਆਂਣਪਾਂ ਲੱਖ ਹੋਹਿ ਤਾਂ ਇੱਕ ਨਾਂ ਚੱਲੈ ਨਾਲਿ ॥ ਕਿਵ ਸੱਚਿਆਰਾ
ਹੋਈਐ ਕਿਵ ਕੂੜੈ ਤੁੱਟੈ ਪਾਲਿ ॥ ਹੁੱਕਮਿ ਰਜਾਈਂ ਚੱਲਣਾਂ ਨਾਂਨਕ ਲਿਖਿਆ ਨਾਲਿ ॥ ੧ ॥ ਹੁੱਕਮੀਂ ਹੋਵਨਿ
ਆਕਾਰ ਹੁੱਕਮੁ ਨਾਂ ਕਹਿਆ ਜਾਈ ॥ ਹੁੱਕਮੀਂ ਹੋਵਨਿ ਜੀਅ ਹੁੱਕਮਿ ਮਿਲੈ ਵੱਡਿਆਈ ॥ ਹੁੱਕਮੀਂ ਉਤਮੁ ਨੀਚੁ
ਹੁੱਕਮਿ ਲਿਖਿ ਦੁਖ ਸੁਖ ਪਾਈਅਹਿ ॥ ਇੱਕਨਾਂ ਹੁੱਕਮੀਂ ਬਖਸ਼ੀਸ਼ ਇੱਕਿ ਹੁੱਕਮੀਂ ਸਦਾ ਭਵਾਈਅਹਿ ॥ ਹੁੱਕਮੈਂ
ਅੰਦਰਿ ਸੱਭੁ ਕੋ ਬਾਹਰਿ ਹੁੱਕਮ ਨਾਂ ਕੋਇ ॥ ਨਾਂਨਕ ਹੁੱਕਮੈਂ ਜੇ ਬੁਝੈ ਤਾਂ ਹਉਮੈਂ ਕਹੈ ਨਾਂ ਕੋਇ ॥ ੨ ॥ ਗਾਵੈ ਕੋ
ਤਾਂਣੁ ਹੋਵੈ ਕਿੱਸੈ ਤਾਂਣੁ ॥ ਗਾਵੈ ਕੋ ਦਾਤਿ ਜਾਂਣੈਂ ਨੀਸਾਂਣੁ ॥ ਗਾਵੈ ਕੋ ਗੁਣ ਵੱਡਿਆਂਈਆਂ ਚਾਰ ॥ ਗਾਵੈ ਕੋ
ਵਿਦਿਆ ਵਿੱਖਮੁ ਵੀਚਾਰੁ ॥ ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥ ਗਾਵੈ

ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾਂ ਕਥੀ ਨਾਂ ਆਵੈ ਤੋਟਿ ॥ ਕਥਿ ਕਥਿ ਕਥੀ
ਕੋਟੀ ਕੋਟਿ ਕੋਟਿ ॥ ਦੇਂਦਾ ਦੇ ਲੈਂਦੇ ਥਕਿ ਪਾਹਿੰ ॥ ਜੁਗਾਂ ਜੁਗੰਤਰਿ ਖਾਹੀਂ ਖਾਹਿੰ ॥ ਹੁਕਮੀਂ ਹੁਕਮੁ ਚਲਾਏ ਰਾਹੁ ॥
ਨਾਂਨਕ ਵਿੱਗਸੈ ਵੇਪਰਵਾਹੁ ॥੩॥ ਸਾਚਾ ਸਾਹਿਬੁ ਸਾਚੁ ਨਾਂਇ ਭਾਖਿਆ ਭਾਉ ਅਪਾਰੁ ॥ ਆਖਹਿੰ ਮੰਗਹਿੰ
ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅੱਗੈ ਰੱਖੀਐ ਜਿਤੁ ਦਿਸੈ ਦਰਬਾਰੁ ॥ ਮੁਹੌਂ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸੱਚੁ ਨਾਂਉਂ ਵੱਡਿਆਈ ਵੀਚਾਰੁ ॥ ਕਰਮੀਂ ਆਵੈ ਕੱਪੜਾ ਨਦਰੀਂ
ਮੋਖੁ ਦੁਆਰੁ ॥ ਨਾਂਨਕ ਏਵੈ ਜਾਂਣੀਐਂ ਸੱਭੁ ਆਪੇ ਸੱਚਿਆਰੁ ॥ ੪ ॥ ਥਾਪਿਆ ਨਾਂ ਜਾਇ ਕੀਤਾ ਨਾਂ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥ ਜਿਨਿ ਸੇਵਿਆ ਤਿਨਿ ਪਾਇਆ ਮਾਂਨੁ ॥ ਨਾਂਨਕ ਗਾਵੀਐ ਗੁਣੀਂ ਨਿਧਾਂਨੁ ॥
ਗਾਵੀਐ ਸੁਣੀਐਂ ਮਨਿ ਰੱਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਗੁਰਮੁੱਖਿ ਨਾਦੰ ਗੁਰਮੁੱਖਿ ਵੇਦੰ
ਗੁਰਮੁੱਖਿ ਰਹਿਆ ਸਮਾਈ ॥ ਗੁਰੁ ਈਸ਼ਰੁ ਗੁਰੁ ਗੋਰਖੁ ਬਰਮਾਂ ਗੁਰੁ ਪਾਰਬਤੀ ਮਾਈ ॥ ਜੇ ਹਉਂ ਜਾਂਣਾਂ ਆਖਾਂ
ਨਾਂਹੀਂ ਕਹਣਾਂ ਕਥਨੁ ਨਾਂ ਜਾਈ ॥ ਗੁਰਾਂ ਇਕ ਦੇਹਿ ਬੁਝਾਈ ॥ ਸੱਭਨਾਂ ਜੀਆਂ ਕਾ ਇਕੁ ਦਾਤਾ ਸੋ ਮੈਂ ਵਿੱਸਰਿ
ਨਾਂ ਜਾਈ ॥ ੫ ॥ ਤੀਰਥਿ ਨਾਵਾਂ ਜੇ ਤਿਸੁ ਭਾਵਾਂ ਵਿੱਣੁ ਭਾਂਣੇਂ ਕਿ ਨਾਂਇ ਕਰੀ ॥ ਜੇਤੀ ਸਿਰਠਿ ਉਪਾਈ ਵੇਖਾਂ
ਵਿੱਣੁ ਕਰਮਾਂ ਕਿ ਮਿਲੈ ਲਈ ॥ ਮੱਤਿ ਵਿੱਚਿ ਰਤਨ ਜਵਾਹਰ ਮਾਂਣਿਕ ਜੇ ਇੱਕ ਗੁਰ ਕੀ ਸਿੱਖ ਸੁਣੀਂ ॥ ਗੁਰਾਂ
ਇੱਕ ਦੇਹਿ ਬੁਝਾਈ ॥ ਸੱਭਨਾਂ ਜੀਆਂ ਕਾ ਇੱਕੁ ਦਾਤਾ ਸੋ ਮੈਂ ਵਿੱਸਰਿ ਨਾਂ ਜਾਈ ॥ ੬ ॥ ਜੇ ਜੁਗ ਚਾਰੇ ਆਰਜਾ ਹੋਰ
ਦਸੂਣੀਂ ਹੋਇ ॥ ਨਵਾਂ ਖੰਡਾਂ ਵਿੱਚਿ ਜਾਂਣੀਐਂ ਨਾਲਿ ਚੱਲੈ ਸੱਭੁ ਕੋਇ ॥ ਚੰਗਾ ਨਾਂਉਂ ਰਖਾਇ ਕੈ ਜਸੁ ਕੀਰਤਿ ਜਗਿ
ਲੇਇ ॥ ਜੇ ਤਿੱਸੁ ਨਦਰਿ ਨਾਂ ਆਵਈ ਤਾਂ ਵਾਤ ਨਾਂ ਪੁੱਛੈ ਕੇ ॥ ਕੀਟਾਂ ਅੰਦਰਿ ਕੀਟੁ ਕਰਿ ਦੋਸ਼ੀ ਦੋਸ਼ੁ ਧਰੇ ॥ ਨਾਂਨਕ
ਨਿਰਗੁਣਿ ਗੁਣੁ ਕਰੇ ਗੁਣਵੰਤਿਆਂ ਗੁਣੁ ਦੇ ॥ ਤੇਹਾ ਕੋਇ ਨਾਂ ਸੁੱਝਈ ਜਿ ਤਿੱਸੁ ਗੁਣੁ ਕੋਇ ਕਰੇ ॥ ੭ ॥ ਸੁਣਿਐ
ਸਿੱਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ਼ ॥ ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨਾਂ ਸੱਕੈ
ਕਾਲੁ ॥ ਨਾਂਨਕ ਭਗਤਾਂ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸ਼ੁ ॥ ੮ ॥ ਸੁਣਿਐ ਈਸ਼ਰੁ ਬਰਮਾਂ ਇੰਦੁ ॥
ਸੁਣਿਐ ਮੁੱਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸ਼ਾਸਤ ਸਿੰਮ੍ਰਿਤਿ ਵੇਦ ॥ ਨਾਂਨਕ ਭਗਤਾਂ

ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥ ਸੁਣਿਐ ਸੱਤੁ ਸੰਤੋਖੁ ਗਿਆਂਨੁ ॥ ਸੁਣਿਐ ਅਠਸਠਿ ਕਾ
ਇਸ਼ਨਾਂਨੁ ॥ ਸੁਣਿਐ ਪੜ੍ਹਿ ਪੜ੍ਹਿ ਪਾਵਹਿਂ ਮਾਂਨੁ ॥ ਸੁਣਿਐ ਲਾਗੈ ਸਹਜਿ ਧਿਆਂਨੁ ॥ ਨਾਂਨਕ ਭਗਤਾਂ ਸਦਾ ਵਿਗਾਸੁ
॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥ ਸੁਣਿਐ ਸਰਾਂ ਗੁਣਾਂ ਕੇ ਗਾਹ ॥ ਸੁਣਿਐ ਸ਼ੇਖ ਪੀਰ ਪਾਤਿਸ਼ਾਹ ॥ ਸੁਣਿਐ ਅੰਧੇ
ਪਾਵਹਿਂ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਂਨਕ ਭਗਤਾਂ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥
ਮੰਨੈਂ ਕੀ ਗੱਤਿ ਕਹੀ ਨਾਂ ਜਾਇ ॥ ਜੇ ਕੋ ਕਹੈ ਪਿੱਛੈ ਪਛੁਤਾਇ ॥ ਕਾਗਦਿ ਕਲਮ ਨਾਂ ਲਿੱਖਣਹਾਰੁ ॥ ਮੰਨੈਂ ਕਾ ਬਹਿ
ਕਰਨਿ ਵੀਚਾਰੁ ॥ ਐਸਾ ਨਾਂਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਂਣੈਂ ਮਨਿ ਕੋਇ ॥੧੨॥ ਮੰਨੈਂ ਸੁਰਤਿ ਹੋਵੈ ਮਨਿ ਬੁੱਧਿ ॥
ਮੰਨੈਂ ਸਗਲ ਭਵਣ ਕੀ ਸੁੱਧਿ ॥ ਮੰਨੈਂ ਮੁਹਿ ਚੋਟਾਂ ਨਾਂ ਖਾਇ ॥ ਮੰਨੈਂ ਜਮ ਕੈ ਸਾਥਿ ਨਾਂ ਜਾਇ ॥ ਐਸਾ ਨਾਂਮੁ ਨਿਰੰਜਨੁ
ਹੋਇ ॥ ਜੇ ਕੋ ਮੰਨਿ ਜਾਂਣੈਂ ਮਨਿ ਕੋਇ ॥੧੩॥ ਮੰਨੈਂ ਮਾਰਗਿ ਠਾਕ ਨਾਂ ਪਾਇ ॥ ਮੰਨੈਂ ਪੱਤਿ ਸਿਉਂ ਪਰਗਟੁ ਜਾਇ ॥
ਮੰਨੈਂ ਮਗੁ ਨਾਂ ਚੱਲੈ ਪੰਥੁ ॥ ਮੰਨੈਂ ਧਰਮ ਸੇਤੀ ਸਨਬੰਧੁ ॥ ਐਸਾ ਨਾਂਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਂਣੈਂ ਮਨਿ ਕੋਇ ॥
੧੪ ॥ ਮੰਨੈਂ ਪਾਵਹਿ ਮੋਖੁ ਦੁਆਰੁ ॥ ਮੰਨੈਂ ਪਰਵਾਰੈ ਸਾਧਾਰੁ ॥ ਮੰਨੈਂ ਤਰੈ ਤਾਰੇ ਗੁਰੁ ਸਿੱਖ ॥ ਮੰਨੈਂ ਨਾਂਨਕ ਭਵਹਿ
ਨਾਂ ਭਿੱਖ ॥ ਐਸਾ ਨਾਂਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਂਣੈਂ ਮਨਿ ਕੋਇ ॥ ੧੫ ॥ ਪੰਚ ਪਰਵਾਂਣ ਪੰਚ ਪਰਧਾਂਨੁ ॥
ਪੰਚੇ ਪਾਵਹਿਂ ਦਰਗਹਿ ਮਾਂਨੁ ॥ ਪੰਚੇ ਸੋਹਹਿਂ ਦਰਿ ਰਾਜਾਂਨੁ ॥ ਪੰਚਾਂ ਕਾ ਗੁਰੁ ਏਕੁ ਧਿਆਂਨੁ ॥ ਜੇ ਕੋ ਕਹੈ ਕਰੈ
ਵੀਚਾਰੁ ॥ ਕਰਤੇ ਕੈ ਕਰਣੈਂ ਨਾਂਹੀਂ ਸੁਮਾਰੁ ॥ ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰੱਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸੱਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ
॥ ਜੀਅ ਜਾਤਿ ਰੰਗਾਂ ਕੇ ਨਾਂਵ ॥ ਸੱਭਨਾਂ ਲਿਖਿਆ ਵੁੜੀ ਕਲਾਂਮ ॥ ਏਹੁ ਲੇਖਾ ਲਿਖਿ ਜਾਂਣੈ ਕੋਇ ॥ ਲੇਖਾ
ਲਿਖਿਆ ਕੇਤਾ ਹੋਇ ॥ ਕੇਤਾ ਤਾਂਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਂਣੈਂ ਕੌਣੁ ਕੂਤੁ ॥ ਕੀਤਾ ਪਸਾਉ ਏਕੋ
ਕਵਾਉ ॥ ਤਿੱਸ ਤੇ ਹੋਏ ਲੱਖ ਦਰੀਆਉ ॥ ਕੁਦਰਤਿ ਕਵਣ ਕਹਾਂ ਵੀਚਾਰੁ ॥ ਵਾਰਿਆ ਨਾਂ ਜਾਂਵਾਂ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂੰ ਸਦਾ ਸਲਾਮਤਿ ਨਿਰੰਕਾਰ ॥ ੧੬ ॥ ਅਸੰਖ ਜਪ ਅਸੰਖ ਭਾਉ
॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ

ਉਦਾਸ ॥ ਅਸੰਖ ਭਗਤ ਗੁਣ ਗਿਆਂਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥
ਅਸੰਖ ਮੌਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾਂ ਵੀਚਾਰੁ ॥ ਵਾਰਿਆ ਨਾਂ ਜਾਵਾਂ ਏਕ ਵਾਰ ॥ ਜੋ ਤੁਧੁ
ਭਾਵੈ ਸਾਈ ਭਲੀ ਕਾਰ ॥ ਤੂੰ ਸਦਾ ਸਲਾਮਤਿ ਨਿਰੰਕਾਰ ॥੧੭॥ ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ
॥ ਅਸੰਖ ਅਮਰ ਕਰਿ ਜਾਂਹਿ ਜੋਰ ॥ ਅਸੰਖ ਗਲਵੱਢ ਹੱਤਿਆ ਕਮਾਂਹਿ ॥ ਅਸੰਖ ਪਾਪੀ ਪਾਪੁ ਕਰਿ ਜਾਂਹਿ ॥ ਅਸੰਖ
ਕੂੜਿਆਰ ਕੂੜੇ ਫਿਰਾਂਹਿ ॥ ਅਸੰਖ ਮਲੇਛ ਮਲੁ ਭੱਖਿ ਖਾਂਹਿ ॥ ਅਸੰਖ ਨਿੰਦਕ ਸਿਰਿ ਕਰੰਹਿ ਭਾਰੁ ॥ ਨਾਨਕੁ ਨੀਚੁ
ਕਹੈ ਵੀਚਾਰੁ ॥ ਵਾਰਿਆ ਨਾਂ ਜਾਵਾਂ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂੰ ਸਦਾ ਸਲਾਮਤਿ ਨਿਰੰਕਾਰ ॥
੧੮ ॥ ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅੱਖਰੀਂ ਨਾਮੁ
ਅੱਖਰੀਂ ਸਾਲਾਹ ॥ ਅੱਖਰੀਂ ਗਿਆਂਨੁ ਗੀਤ ਗੁਣ ਗਾਹ ॥ ਅੱਖਰੀਂ ਲਿੱਖਣੁ ਬੋਲਣੁ ਬਾਂਣਿ ॥ ਅੱਖਰਾਂ ਸਿਰਿ ਸੰਜੋਗੁ
ਵਖਾਂਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਂਹਿ ॥ ਜਿਵ ਫੁਰਮਾਏ ਤਿਵ ਤਿਵ ਪਾਂਹਿ ॥ ਜੇਤਾ ਕੀਤਾ ਤੇਤਾ
ਨਾਉਂ ॥ ਵਿਣੁ ਨਾਵੈ ਨਾਂਹੀਂ ਕੋ ਥਾਉਂ ॥ ਕੁਦਰਤਿ ਕਵਣ ਕਹਾਂ ਵੀਚਾਰੁ ॥ ਵਾਰਿਆ ਨਾਂ ਜਾਵਾਂ ਏਕ ਵਾਰ ॥ ਜੋ ਤੁਧੁ
ਭਾਵੈ ਸਾਈ ਭਲੀ ਕਾਰ ॥ ਤੂੰ ਸਦਾ ਸਲਾਮਤਿ ਨਿਰੰਕਾਰ ॥ ੧੯ ॥ ਭਰੀਐ ਹੱਥੁ ਪੈਰੁ ਤਨੁ ਦੇਹ ॥ ਪਾਂਣੀ ਧੋਤੈ
ਉਤਰਸੁ ਖੇਹ ॥ ਮੂਤ ਪਲੀਤੀ ਕੱਪੜੁ ਹੋਇ ॥ ਦੇ ਸਾਬੂੰਣੁ ਲਈਐ ਓਹੁ ਧੋਇ ॥ ਭਰੀਐ ਮੱਤਿ ਪਾਪਾਂ ਕੈ ਸੰਗਿ ॥
ਓਹੁ ਧੋਪੈ ਨਾਂਵੈਂ ਕੈ ਰੰਗਿ ॥ ਪੁੰਨੀਂ ਪਾਪੀਂ ਆਖਣੁ ਨਾਂਹਿ ॥ ਕਰਿ ਕਰਿ ਕਰਣਾਂ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ
ਹੀ ਖਾਹੁ ॥ ਨਾਂਨਕ ਹੁਕਮੀਂ ਆਵਹੁ ਜਾਹੁ ॥ ੨੦ ॥ ਤੀਰਥੁ ਤੱਪੁ ਦਇਆ ਦਤੁ ਦਾਂਨੁ ॥ ਜੇ ਕੋ ਪਾਵੈ ਤਿਲ ਕਾ ਮਾਂਨੁ
॥ ਸੁਣਿਆਂ ਮੰਨਿਆਂ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉਂ ॥ ਸੱਭਿ ਗੁਣ ਤੇਰੇ ਮੈਂ ਨਾਂਹੀਂ ਕੋਇ ॥
ਵਿਣੁ ਗੁਣ ਕੀਤੇ ਭਗਤਿ ਨਾਂ ਹੋਇ ॥ ਸੁਅੱਸਤਿ ਆਥਿ ਬਾਂਣੀ ਬਰਮਾਉ ॥ ਸੱਤਿ ਸੁਹਾਂਣੁ ਸਦਾ ਮਨਿ ਚਾਉ ॥ ਕਵਣੁ
ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀਂ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ ਵੇਲ ਨ
ਪਾਈਆ ਪੰਡਤੀਂ ਜਿ ਹੋਵੈ ਲੇਖੁ ਪੁਰਾਂਣੁ ॥ ਵਖਤੁ ਨ ਪਾਇਓ ਕਾਦੀਆਂ ਜਿ ਲਿੱਖਨਿ ਲੇਖੁ ਕੁਰਾਂਣੁ ॥ ਥਿਤਿ ਵਾਰੁ ਨਾ
ਜੋਗੀ ਜਾਂਣੈਂ ਰੁਤਿ ਮਾਹੁ ਨਾ ਕੋਈ ॥ ਜਾਂ ਕਰਤਾ ਸਿਰਠੀ ਕਉ ਸਾਜੇ ਆਪੇ ਜਾਂਣੈਂ ਸੋਈ ॥ ਕਿਵ ਕਰਿ ਆਖਾਂ ਕਿਵ

ਸਾਲਾਹੀਂ ਕਿਉਂ ਵਰਨੀਂ ਕਿਵ ਜਾਂਣਾਂ ॥ ਨਾਂਨਕ ਆਖਣਿ ਸੱਭੁ ਕੋ ਆਖੈ ਇੱਕ ਦੂ ਇੱਕੁ ਸਿਆਂਣਾਂ॥ ਵੱਡਾ ਸਾਹਿਬੁ ਵੱਡੀ
ਨਾਂਈਂ ਕੀਤਾ ਜਾਂ ਕਾ ਹੋਵੈ॥ ਨਾਂਨਕ ਜੇ ਕੋ ਆਪੌ ਜਾਂਣੈਂ ਅੱਗੈ ਗਇਆ ਨਾਂ ਸੋਹੈ ॥੨੧॥ ਪਾਤਾਲਾਂ ਪਾਤਾਲ ਲੱਖ
ਆਗਾਸਾਂ ਆਗਾਸ ॥ ਓੜਕ ਓੜਕ ਭਾਲਿ ਥੱਕੇ ਵੇਦ ਕਹਨਿ ਇੱਕ ਵਾਤ ॥ ਸਹਸ ਅਠਾਰਹਂ ਕਹਨਿ ਕਤੇਬਾਂ
ਅਸੁਲੂ ਇੱਕੁ ਧਾਤੁ॥ ਲੇਖਾ ਹੋਇ ਤਾਂ ਲਿੱਖੀਐ ਲੇਖੈ ਹੋਇ ਵਿਣਾਸੁ॥ ਨਾਂਨਕ ਵੱਡਾ ਆਖੀਐ ਆਪੇ ਜਾਂਣੈਂ ਆਪੁ ॥
੨੨ ॥ ਸਾਲਾਹੀਂ ਸਾਲਾਹਿ ਏਤੀ ਸੁਰਤਿ ਨਾਂ ਪਾਈਆ ॥ ਨਦੀਆਂ ਅੱਤੈ ਵਾਹ ਪਵਹਿ ਸਮੁੰਦਿ ਨਾਂ ਜਾਂਣੀਅਹਿਂ ॥
ਸਮੁੰਦ ਸ਼ਾਹ ਸੁਲਤਾਂਨ ਗਿਰਹਾਂ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨਾਂ ਹੋਵਨੀਂ ਜੇ ਤਿੱਸੁ ਮਨਹੁੰ ਨਾਂ ਵੀਸਰਹਿਂ॥੨੩॥ ਅੰਤੁ
ਨਾਂ ਸਿਫਤੀਂ ਕਹਣਿ ਨਾਂ ਅੰਤੁ ॥ ਅੰਤੁ ਨਾਂ ਕਰਣੈਂ ਦੇਂਣਿ ਨਾਂ ਅੰਤੁ ॥ ਅੰਤੁ ਨਾਂ ਵੇਖਣਿ ਸੁਣਣਿ ਨਾਂ ਅੰਤੁ॥ ਅੰਤੁ ਨਾਂ ਜਾਪੈ
ਕਿਆ ਮਨਿ ਮੰਤੁ ॥ ਅੰਤੁ ਨਾਂ ਜਾਪੈ ਕੀਤਾ ਆਕਾਰੁ ॥ ਅੰਤੁ ਨਾਂ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਂਹਿਂ ॥
ਤਾਂ ਕੇ ਅੰਤ ਨਾਂ ਪਾਏ ਜਾਂਹਿਂ ॥ ਏਹੁ ਅੰਤੁ ਨਾਂ ਜਾਂਣੈਂ ਕੋਇ॥ ਬਹੁਤਾ ਕਹੀਐ ਬਹੁਤਾ ਹੋਇ ॥ ਵੱਡਾ ਸਾਹਿਬੁ ਊਚਾ ਥਾਂਉ॥
ਊਚੇ ਉਪਰਿ ਊਚਾ ਨਾਂਉਂ॥ ਏਵਡੁ ਊਚਾ ਹੋਵੈ ਕੋਇ ॥ ਤਿੱਸੁ ਊਚੇ ਕਉ ਜਾਂਣੈਂ ਸੋਇ ॥ ਜੇਵਡੁ ਆਪਿ ਜਾਂਣੈਂ ਆਪਿ
ਆਪਿ ॥ ਨਾਂਨਕ ਨਦਰੀਂ ਕਰਮੀਂ ਦਾਤਿ ॥੨੪॥ ਬਹੁਤਾ ਕਰਮੁ ਲਿਖਿਆ ਨਾਂ ਜਾਇ॥ ਵੱਡਾ ਦਾਤਾ ਤਿਲੁ ਨਾਂ ਤਮਾਇ
॥ ਕੇਤੇ ਮੰਗਹਿਂ ਜੋਧ ਅਪਾਰ ॥ ਕੇਤਿਆਂ ਗਣਤ ਨਹੀਂ ਵੀਚਾਰੁ ॥ ਕੇਤੇ ਖੱਪਿ ਤੁਟਹਿਂ ਵੇਕਾਰ॥ ਕੇਤੇ ਲੈ ਲੈ ਮੁੱਕਰੁ
ਪਾਂਹਿਂ ॥ ਕੇਤੇ ਮੂਰਖ ਖਾਂਹੀਂ ਖਾਂਹਿਂ ॥ ਕੇਤਿਆਂ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ
ਭਾਂਣੈਂ ਹੋਇ॥ ਹੋਰੁ ਆਖਿ ਨਾਂ ਸੱਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਂਣੈਂ ਜੇਤੀਆਂ ਮੁਹਿ ਖਾਇ ॥ ਆਪੇ
ਜਾਂਣੈਂ ਆਪੇ ਦੇਇ॥ ਆਖਹਿਂ ਸਿ ਭਿ ਕੇਈ ਕੇਇ॥ ਜਿਸ ਨੋਂ ਬਖਸ਼ੇ ਸਿਫਤਿ ਸਾਲਾਹ॥ ਨਾਂਨਕ ਪਾਤਿਸ਼ਾਹੀਂ ਪਾਤਿਸ਼ਾਹ
॥੨੫॥ ਅਮੁੱਲ ਗੁਣ ਅਮੁੱਲ ਵਾਪਾਰ ॥ ਅਮੁੱਲ ਵਾਪਾਰੀਏ ਅਮੁੱਲ ਭੰਡਾਰ॥ ਅਮੁੱਲ ਆਵਹਿਂ ਅਮੁੱਲ ਲੈ ਜਾਂਹਿਂ॥
ਅਮੁੱਲ ਭਾਇ ਅਮੁੱਲਾ ਸਮਾਂਹਿਂ ॥ ਅਮੁੱਲੁ ਧਰਮੁ ਅਮੁੱਲੁ ਦੀਬਾਂਣੁ ॥ ਅਮੁੱਲੁ ਤੁਲੁ ਅਮੁੱਲੁ ਪਰਵਾਂਣੁ ॥ ਅਮੁੱਲੁ
ਬਖਸ਼ੀਸ਼ ਅਮੁੱਲੁ ਨੀਸਾਂਣੁ ॥ ਅਮੁੱਲੁ ਕਰਮੁ ਅਮੁੱਲੁ ਫੁਰਮਾਂਣੁ॥ ਅਮੁੱਲੋ ਅਮੁੱਲੁ ਆਖਿਆ ਨਾਂ ਜਾਇ ॥ ਆਖਿ ਆਖਿ
ਰਹੇ ਲਿਵ ਲਾਇ ॥ ਆਖਹਿਂ ਵੇਦ ਪਾਠ ਪੁਰਾਂਣ॥ ਆਖਹਿ ਪੜ੍ਹੇ ਕਰਹਿਂ ਵਖਿਆਂਣ॥ ਆਖਹਿਂ ਬਰ੍ਮੇਂ ਆਖਹਿਂ ਇੰਦ॥

ਆਖੰਹਿ ਗੋਪੀ ਤੈ ਗੋਵਿੰਦ ॥ ਆਖੰਹਿ ਈਸ਼ਰ ਆਖੰਹਿ ਸਿਧ ॥ ਆਖੰਹਿ ਕੇਤੇ ਕੀਤੇ ਬੁੱਧ ॥ ਆਖੰਹਿ ਦਾਂਨਵ ਆਖੰਹਿ ਦੇਵ ॥ ਆਖੰਹਿ ਸੁਰਿ ਨਰ ਮੁਨਿ ਜਨ ਸੇਵ ॥ ਕੇਤੇ ਆਖੰਹਿ ਆਖਣਿ ਪਾਂਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਂਹਿ ॥ ਏਤੇ ਕੀਤੇ ਹੋਰਿ ਕਰੇਹਿ ॥ ਤਾਂ ਆਖਿ ਨਾਂ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਂਨਕ ਜਾਂਣੈਂ ਸਾਚਾ ਸੋਇ ॥ ਜੇ ਕੋ ਆਖੈ ਬੋਲੁਵਿਗਾੜੁ ॥ ਤਾਂ ਲਿਖੀਐ ਸਿਰਿ ਗਾਵਾਰਾਂ ਗਾਵਾਰੁ ॥ ੨੬ ॥ ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉਂ ਕਹੀਅਨਿ ਕੇਤੇ ਗਾਵਣਹਾਰੇ ॥ ਗਾਵੰਹਿ ਤੁਹਨੋਂ ਪਉਣੁ ਪਾਂਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵੰਹਿ ਚਿੱਤੁ ਗੁਪਤੁ ਲਿਖਿ ਜਾਂਣੰਹਿ ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵੰਹਿ ਈਸ਼ਰੁ ਬਰ੍ਮਾਂ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆਂ ਦਰਿ ਨਾਲੇ ॥ ਗਾਵੰਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵੰਹਿ ਵੀਰ ਕਰਾਰੇ ॥ ਗਾਵਨਿ ਪੰਡਿਤ ਪੜ੍ਹਨਿ ਰਖੀਸਰ ਜੁਗੁ ਜੁਗੁ ਵੇਦਾਂ ਨਾਲੇ ॥ ਗਾਵਹਿ ਮੋਹਣੀਆਂ ਮਨੁ ਮੋਹਨਿ ਸੁਰਗਾਂ ਮੱਛ ਪਇਆਲੇ ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵੰਹਿ ਜੋਧ ਮਹਾਂਬਲ ਸੂਰਾ ਗਾਵੰਹਿ ਖਾਂਣੀਂ ਚਾਰੇ ॥ ਗਾਵੰਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰੱਖੇ ਧਾਰੇ ॥ ਸੇਈ ਤੁਧੁਨੋਂ ਗਾਵੰਹਿ ਜੋ ਤੁਧੁ ਭਾਵਨਿ ਰੱਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਗਾਵਨਿ ਸੇ ਮੈਂ ਚਿੱਤਿ ਨਾਂਆਵਨਿ ਨਾਂਨਕੁ ਕਿਆ ਵੀਚਾਰੇ ॥ ਸੋਈ ਸੋਈ ਸਦਾ ਸੱਚੁ ਸਾਹਿਬੁ ਸਾਚਾ ਸਾਚੀ ਨਾਂਈ ॥ ਹੈ ਭੀ ਹੋਸੀ ਜਾਇ ਨਾਂ ਜਾਸੀ ਰਚਨਾਂ ਜਿਨਿ ਰਚਾਈ ॥ ਰੰਗੀਂ ਰੰਗੀਂ ਭਾਤੀਂ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾਂ ਜਿਵ ਤਿੱਸ ਦੀ ਵੱਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਹੁੱਕਮੁ ਨਾਂ ਕਰਣਾਂ ਜਾਈ ॥ ਸੋ ਪਾਤਿਸ਼ਾਹੁ ਸ਼ਾਹਾਂ ਪਾਤਿਸਾਹਿਬੁ ਨਾਂਨਕ ਰਹਣੁ ਰਜਾਈ ॥੨੭॥ ਮੁੰਦਾਂ ਸੰਤੋਖੁ ਸਰਮੁ ਪੱਤੁ ਝੋਲੀ ਧਿਆਂਨ ਕੀ ਕਰੰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਂਇਆਂ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥ ਭੁਗਤਿ ਗਿਆਂਨੁ ਦਇਆ ਭੰਡਾਰਣਿ ਘਟਿ ਘਟਿ ਵਾਜੰਹਿ ਨਾਦ ॥ ਆਪਿ ਨਾਥੁ ਨਾਥੀ ਸੱਭ ਜਾਂ ਕੀ ਰਿੱਧਿ ਸਿੱਧਿ ਅਵਰਾ ਸਾਦ ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵੰਹਿ

ਲੇਖੇ ਆਵੰਹਿ ਭਾਗ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੯ ॥
ਏਕਾ ਮਾਈ ਜੁਗਤਿ ਵਿਆਈ ਤਿੰਨਿ ਚੇਲੇ ਪਰਵਾਂਣੁ ॥ ਇੱਕੁ ਸੰਸਾਰੀ ਇੱਕੁ ਭੰਡਾਰੀ ਇੱਕੁ ਲਾਏ ਦੀਬਾਂਣੁ ॥ ਜਿਵ
ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਂਣੁ ॥ ਓਹੁ ਵੇਖੈ ਓਨਾਂ ਨਦਰਿ ਨਾਂ ਆਵੈ ਬਹੁਤਾ ਏਹੁ ਵਿਡਾਂਣੁ ॥ ਆਦੇਸੁ
ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥ ਆਸਣੁ ਲੋਇ ਲੋਇ ਭੰਡਾਰ ॥
ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਂਨਕ ਸੱਚੇ ਕੀ ਸਾਚੀ ਕਾਰ ॥ ਆਦੇਸੁ
ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥ ਇੱਕ ਦੂ ਜੀਭੌ ਲਖ ਹੋਹਿ ਲਖ
ਹੋਵੰਹਿ ਲਖ ਵੀਸ ॥ ਲੱਖੁ ਲੱਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ਏਤੁ ਰਾਹਿ ਪਤਿ ਪਵੜੀਆਂ ਚੜੀਐ
ਹੋਇ ਇੱਕੀਸ ॥ ਸੁਣਿ ਗੱਲਾਂ ਆਕਾਸ਼ ਕੀ ਕੀਟਾਂ ਆਈ ਰੀਸ ॥ ਨਾਂਨਕ ਨਦਰੀਂ ਪਾਈਐ ਕੂੜੀ ਕੂੜੈ ਠੀਸ ॥੩੨॥
ਆਖਣਿ ਜੋਰੁ ਚੁੱਪੈ ਨਹ ਜੋਰੁ ॥ ਜੋਰੁ ਨਾਂ ਮੰਗਣਿ ਦੇਣਿ ਨਾਂ ਜੋਰੁ ॥ ਜੋਰੁ ਨਾਂ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨਾਂ ਰਾਜਿ
ਮਾਲਿ ਮਨਿ ਸੋਰੁ ॥ ਜੋਰੁ ਨਾਂ ਸੁਰਤੀਂ ਗਿਆਂਨਿ ਵੀਚਾਰਿ ॥ ਜੋਰੁ ਨਾਂ ਜੁਗਤੀਂ ਛੁਟੈ ਸੰਸਾਰੁ ॥ ਜਿਸੁ ਹੱਥਿ ਜੋਰੁ ਕਰਿ
ਵੇਖੈ ਸੋਇ ॥ ਨਾਂਨਕ ਉਤਮੁ ਨੀਚੁ ਨਾਂ ਕੋਇ ॥੩੩॥ ਰਾਤੀਂ ਰੁੱਤੀਂ ਥਿੱਤੀਂ ਵਾਰ ॥ ਪਵਣ ਪਾਂਣੀਂ ਅਗਨੀ ਪਾਤਾਲ ॥
ਤਿੱਸੁ ਵਿਚਿ ਧਰਤੀ ਥਾਪਿ ਰੱਖੀ ਧਰਮ ਸਾਲ ॥ ਤਿੱਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿੰਨ ਕੇ ਨਾਂਮ ਅਨੇਕ ਅਨੰਤ
॥ ਕਰਮੀਂ ਕਰਮੀਂ ਹੋਇ ਵੀਚਾਰੁ ॥ ਸੱਚਾ ਆਪਿ ਸੱਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਂਣੁ ॥ ਨਦਰੀਂ ਕਰਮਿ
ਪਵੈ ਨੀਸਾਂਣੁ ॥ ਕੱਚ ਪਕਾਈ ਓਥੈ ਪਾਇ ॥ ਨਾਂਨਕ ਗਇਆ ਜਾਪੈ ਜਾਇ ॥ ੩੪ ॥ ਧਰਮ ਖੰਡ ਕਾ ਏਹੋ
ਧਰਮੁ ॥ ਗਿਆਂਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਂਣੀਂ ਵੈਸੰਤਰ ਕੇਤੇ ਕਾਂਨ੍ ਮਹੇਸ਼ ॥ ਕੇਤੇ ਬਰਮੇਂ
ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ਼ ॥ ਕੇਤੀਆਂ ਕਰਮ ਭੂਮੀਂ ਮੇਰ ਕੇਤੇ ਕੇਤੇ ਧੂ ਉਪਦੇਸ਼ ॥ ਕੇਤੇ ਇੰਦ ਚੰਦ
ਸੂਰ ਕੇਤੇ ਕੇਤੇ ਮੰਡਲ ਦੇਸ਼ ॥ ਕੇਤੇ ਸਿੱਧ ਬੁੱਧ ਨਾਥ ਕੇਤੇ ਕੇਤੇ ਦੇਵੀ ਵੇਸ਼ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ
ਰਤਨ ਸਮੁੰਦ ॥ ਕੇਤੀਆਂ ਖਾਂਣੀਂ ਕੇਤੀਆਂ ਬਾਂਣੀਂ ਕੇਤੇ ਪਾਤ ਨਰਿੰਦ ॥ ਕੇਤੀਆਂ ਸੁਰਤੀਂ ਸੇਵਕ ਕੇਤੇ ਨਾਂਨਕ
ਅੰਤੁ ਨਾਂ ਅੰਤੁ ॥ ੩੫ ॥ ਗਿਆਂਨ ਖੰਡ ਮੰਹਿ ਗਿਆਂਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਤਾਂ ਕੀਆ ਗੱਲਾਂ ਕਥੀਆਂ ਨਾਂ ਜਾਂਹਿ ॥ ਜੇ
ਸਰਮ ਖੰਡ ਕੀ ਬਾਂਣੀਂ ਰੂਪੁ ॥ ਤਿੱਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਤਾਂ ਕੀਆ ਗੱਲਾਂ ਕਥੀਆਂ ਨਾਂ ਜਾਂਹਿ ॥ ਜੇ
ਸਰਮ ਖੰਡ ਕੀ ਬਾਂਣੀਂ ਰੂਪੁ ॥ ਤਿੱਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਤਿੱਥੈ ਘੜੀਐ ਸੁਰਾਂ ਸਿੱਧਾਂ ਕੀ ਸੁੱਧਿ॥ ੩੬ ॥
ਕੋ ਕਹੈ ਪਿੱਛੈ ਪਛੁਤਾਇ ॥ ਤਿੱਥੈ ਘੜੀਐ ਸੁਰਤਿ ਮੱਤਿ ਮਨਿ ਬੁੱਧਿ ॥ ਤਿੱਥੈ ਘੜੀਐ ਸੁਰਾਂ ਸਿੱਧਾਂ ਕੀ ਸੁੱਧਿ॥ ੩੬ ॥
ਕਰਮ ਖੰਡ ਕੀ ਬਾਂਣੀਂ ਜੋਰੁ ॥ ਤਿੱਥੈ ਹੋਰੁ ਨਾਂ ਕੋਈ ਹੋਰੁ ॥ ਤਿੱਥੈ ਜੋਧ ਮਹਾਂਬਲ ਸੂਰ ॥ ਤਿੰਨ ਮੰਹਿ ਰਾਂਮੁ ਰਹਿਆ
ਭਰਪੂਰ ॥ ਤਿੱਥੈ ਸੀਤੋ ਸੀਤਾ ਮੰਹਿਮਾਂ ਮਾਂਹਿ ॥ਤਾਂ ਕੇ ਰੂਪ ਨਾਂ ਕਥਨੇਂ ਜਾਂਹਿਂ॥ ਨਾਂ ਓਹਿ ਮਰੰਹਿ ਨਾਂ ਠਾਗੇ ਜਾਂਹਿ ॥ ਜਿੰਨ
ਕੈ ਰਾਂਮੁ ਵੱਸੈ ਮਨ ਮਾਂਹਿ ॥ ਤਿੱਥੈ ਭਗਤ ਵੱਸੰਹਿ ਕੇ ਲੋਅ ॥ ਕਰੰਹਿ ਅਨੰਦੁ ਸੱਚਾ ਮਨਿ ਸੋਇ ॥ ਸੱਚ ਖੰਡਿ ਵੱਸੈ
ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ॥ਤਿੱਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤਾਂਅੰਤ ਨਾਂ ਅੰਤ॥ ਤਿੱਥੈ ਲੋਅ
ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿੱਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਂਨਕ ਕਥਨਾਂ ਕਰੜਾ ਸਾਰੁ
॥ ੩੭ ॥ ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿੱਤੁ ਤਿੱਤੁ ਢਾਲਿ ॥ ਘੜੀਐ ਸ਼ਬਦੁ ਸੱਚੀ ਟਕਸਾਲ ॥ ਜਿੰਨ ਕਉ ਨਦਰਿ ਕਰਮੁ ਤਿੰਨ ਕਾਰ ॥
ਨਾਂਨਕ ਨਦਰੀਂ ਨਦਰਿ ਨਿਹਾਲ ॥ ੩੮ ॥ ਸਲੋਕੁ ॥ ਪਵਣੁ ਗੁਰੂ ਪਾਂਣੀਂ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ ॥
ਕਰਮੀਂ ਆਪੋ ਆਪਣੀਂ ਕੇ ਨੇੜੈ ਕੇ ਦੂਰਿ ॥ ਜਿੰਨੀ ਨਾਮੁ ਧਿਆਇਆ ਗਏ ਮਸੱਕਤਿ ਘਾਲਿ ॥ ਨਾਂਨਕ ਤੇ ਮੁੱਖ
ਉਜਲੇ ਕੇਤੀ ਛੁੱਟੀ ਨਾਲਿ ॥ ੧ ॥

ਸੋ ਦਰੁ ਰਾਗੁ ਆਸਾ ਮਹਲਾ ੧ ੴ ਸੱਤਿਗੁਰ ਪ੍ਰਸਾਦਿ ॥ ਸੋ ਦਰੁ ਤੇਰਾ ਕੇਹਾ ਸੋ ਘਰੁ
ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ ਕੇਤੇ ਤੇਰੇ
ਰਾਗ ਪਰੀ ਸਿਉਂ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ਗਾਵਹਿ ਤੁਧਨੋਂ ਪਵਣੁ ਪਾਂਣੀਂ ਬੈਸੰਤਰੁ ਗਾਵੈ ਰਾਜਾ
ਧਰਮੁ ਦੁਆਰੇ ॥ ਗਾਵਹਿ ਤੁਧਨੋਂ ਚਿੱਤੁ ਗੁੱਪਤੁ ਲਿਖਿ ਜਾਂਣਹਿ ਲਿਖਿ ਲਿਖਿ ਧਰਮੁ ਬੀਚਾਰੇ ॥ ਗਾਵਹਿ
ਤੁਧਨੋਂ ਈਸ਼ਰੁ ਬ੍ਰਹਮਾਂ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਹਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ
ਦੇਵਤਿਆਂ ਦਰਿ ਨਾਲੇ ॥ ਗਾਵਹਿ ਤੁਧਨੋਂ ਸਿੱਧ ਸਮਾਧੀ ਅੰਦਰਿ ਗਾਵਹਿ ਤੁਧਨੋਂ ਸਾਧ ਬੀਚਾਰੇ ॥